IFLA Section
Environment,
Sustainability and Libraries

# ਇਫ਼ਲਾ ਸੈਕਸ਼ਨ
# ਵਾਤਾਵਰਣ, ਸਥਿਰਤਾ ਅਤੇ ਲਾਇਬ੍ਰੇਰੀਆਂ

ਜਨਵਰੀ 2022

## ਗ੍ਰੀਨ ਲਾਇਬ੍ਰੇਰੀ ਕੀ ਹੈ?

*ਵਾਤਾਵਰਣ* ਦਾ ਅਰਥ ਹੈ ਉਹ ਪਰਿਵੇਸ਼ ਜਾਂ ਸਥਿਤੀਆਂ ਜਿਸ ਵਿੱਚ ਮਨੁੱਖ, ਸੰਸਥਾਵਾਂ, ਜਾਨਵਰ ਜਾਂ ਪੌਦੇ ਰਹਿੰਦੇ ਅਤੇ ਕੰਮ ਕਰਦੇ ਹਨ। ਵਾਤਾਵਰਨ ਕੁਦਰਤੀ, ਸਮਾਜਿਕ ਜਾਂ ਸੱਭਿਆਚਾਰਕ ਹੋ ਸਕਦਾ ਹੈ।

*ਟਿਕਾਊ ਵਿਕਾਸ* ਉਹ ਵਿਕਾਸ ਹੈ ਜੋ "ਭਵਿੱਖ ਦੀਆਂ ਪੀੜ੍ਹੀਆਂ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਦੀ ਯੋਗਤਾ ਨਾਲ ਸਮਝੌਤਾ ਕੀਤੇ ਬਿਨਾਂ ਵਰਤਮਾਨ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ" (ਸਾਡਾ ਸਾਂਝਾ ਭਵਿੱਖ, ਬ੍ਰੰਡਟਲੈਂਡ ਰਿਪੋਰਟ, ਸੰਯੁਕਤ ਰਾਸ਼ਟਰ)।

ਮੌਜੂਦਾ ਵਾਤਾਵਰਨ ਜਲਵਾਯੂ ਪਰਿਵਰਤਨ ਅਤੇ ਸਮਾਜਿਕ ਅਸਮਾਨਤਾਵਾਂ ਸਮੇਤ ਹੋਰ ਖਤਰਿਆਂ ਕਾਰਨ ਖ਼ਤਰੇ ਵਿੱਚ ਹੈ। ਸਾਰੀਆਂ ਸੰਸਥਾਵਾਂ ਨੂੰ ਟਿਕਾਊ ਵਿਕਾਸ ਰਾਹੀਂ ਵਾਤਾਵਰਨ ਦੀ ਸੁਰੱਖਿਆ ਲਈ ਯਤਨ ਕਰਨੇ ਚਾਹੀਦੇ ਹਨ। ਇਸ ਵਿੱਚ ਹਰ ਕਿਸਮ ਦੀਆਂ ਲਾਇਬ੍ਰੇਰੀਆਂ ਸ਼ਾਮਲ ਹਨ, ਜੋ ਟਿਕਾਊ ਵਿਕਾਸ ਵਿੱਚ ਇੱਕ ਸਰਗਰਮ ਅਤੇ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ।

*ਇੱਕ ਹਰੀ ਅਤੇ ਟਿਕਾਊ ਲਾਇਬ੍ਰੇਰੀ* ਉਹ ਲਾਇਬ੍ਰੇਰੀ ਹੈ ਜੋ *ਵਾਤਾਵਰਣ, ਆਰਥਿਕ ਅਤੇ ਸਮਾਜਿਕ ਸਥਿਰਤਾ* ਨੂੰ ਧਿਆਨ ਵਿੱਚ ਰੱਖਦੀ ਹੈ। ਗ੍ਰੀਨ ਅਤੇ ਟਿਕਾਊ ਲਾਇਬ੍ਰੇਰੀਆਂ ਕਿਸੇ ਵੀ ਆਕਾਰ ਦੀਆਂ ਹੋ ਸਕਦੀਆਂ ਹਨ, ਪਰ ਉਹਨਾਂ ਕੋਲ ਇੱਕ ਸਪਸ਼ਟ ਸਥਿਰਤਾ ਏਜੰਡਾ ਹੋਣਾ ਚਾਹੀਦਾ ਹੈ ਜਿਸ ਵਿੱਚ ਸ਼ਾਮਲ ਹਨ:

**ਹਰੀਆਂ ਇਮਾਰਤਾਂ ਅਤੇ ਉਪਕਰਣ:** ਇਮਾਰਤ ਅਤੇ ਉਪਕਰਣ ਦੇ ਨਿਕਾਸ, ਜਾਂ ਕਾਰਬਨ ਫੁੱਟਪ੍ਰਿੰਟ, ਸਰਗਰਮੀ ਨਾਲ ਘਟੇ ਹਨ।

**ਗ੍ਰੀਨ ਦਫ਼ਤਰ ਦੇ ਸਿਧਾਂਤ:** ਕਾਰਜਸ਼ੀਲ ਰੁਟੀਨ ਅਤੇ ਪ੍ਰਕਿਰਿਆਵਾਂ ਵਾਤਾਵਰਣ ਲਈ ਟਿਕਾਊ ਹਨ।

**ਟਿਕਾਊ ਅਰਥਵਿਵਸਥਾ:** ਖਪਤ ਨੂੰ ਰੋਕਿਆ ਗਿਆ ਹੈ, ਸਰਕੂਲਰ ਅਤੇ ਸਾਂਝੀ ਅਰਥਵਿਵਸਥਾ ਦੇ ਅਭਿਆਸਾਂ ਨੂੰ ਉੱਨਤ ਕੀਤਾ ਗਿਆ ਹੈ ਅਤੇ ਭਾਈਚਾਰੇ ਲਈ ਪਹੁੰਚਯੋਗ ਬਣਾਇਆ ਗਿਆ ਹੈ।

**ਟਿਕਾਊ ਲਾਇਬ੍ਰੇਰੀ ਸੇਵਾਵਾਂ:** ਉਪਭੋਗਤਾਵਾਂ ਲਈ ਢੁਕਵੀਂ ਅਤੇ ਨਵੀਨਤਮ ਜਾਣਕਾਰੀ ਤੱਕ ਪਹੁੰਚ ਕਰਨਾ ਆਸਾਨ ਹੈ, ਸਾਂਝੀਆਂ ਥਾਵਾਂ, ਡਿਵਾਈਸਾਂ, ਅਤੇ ਵਾਤਾਵਰਣ ਸੰਬੰਧੀ ਸਿੱਖਿਆ ਦੀ ਪੇਸ਼ਕਸ਼ ਕੀਤੀ ਜਾਂਦੀ ਹੈ, ਅਤੇ ਗਤੀਵਿਧੀਆਂ ਕਾਰਗਰ ਹਨ। ਲਾਇਬ੍ਰੇਰੀ ਵਿੱਚ ਇੱਕ ਸਕਾਰਾਤਮਕ ਕਾਰਬਨ ਹੈਂਡਪ੍ਰਿੰਟ ਹੈ।

**ਸਮਾਜਿਕ ਸਥਿਰਤਾ:** ਚੰਗੀ ਸਿੱਖਿਆ, ਸਾਖਰਤਾ, ਭਾਈਚਾਰਕ ਸ਼ਮੂਲੀਅਤ, ਅੰਤਰ ਸੱਭਿਆਚਾਰਕ ਵਿਭਿੰਨਤਾ, ਸਮਾਜਿਕ ਸ਼ਮੂਲੀਅਤ, ਅਤੇ ਸਮੁੱਚੀ ਭਾਗੀਦਾਰੀ ਤੇ ਵਿਚਾਰ ਕੀਤਾ ਜਾਂਦਾ ਹੈ। ਲਾਇਬ੍ਰੇਰੀ ਅਸਮਾਨਤਾ ਨੂੰ ਘਟਾਉਣ ਲਈ ਸਰਗਰਮੀ ਨਾਲ ਕੰਮ ਕਰਦੀ ਹੈ।

**ਵਾਤਾਵਰਣ ਪ੍ਰਬੰਧਨ:** ਵਾਤਾਵਰਣ ਦੇ ਟੀਚੇ ਸਮਾਰਟ (ਵਿਸ਼ੇਸ਼, ਮਾਪਣਯੋਗ, ਪ੍ਰਾਪਤੀਯੋਗ, ਯਥਾਰਥਵਾਦੀ ਅਤੇ ਸਮਾਂਬੱਧ) ਹਨ, ਅਤੇ ਲਾਇਬ੍ਰੇਰੀ ਵਾਤਾਵਰਣ 'ਤੇ ਆਪਣੇ ਖੁਦ ਦੇ ਨਕਾਰਾਤਮਕ ਪ੍ਰਭਾਵ ਨੂੰ ਘਟਾਉਣ ਲਈ ਕੰਮ ਕਰਦੀ ਹੈ। ਲਾਇਬ੍ਰੇਰੀ ਦੀ ਵਾਤਾਵਰਣ ਨੀਤੀ, ਇਸ ਨੂੰ ਲਾਗੂ ਕਰਨ ਅਤੇ ਵਾਤਾਵਰਣ ਸੰਬੰਧੀ ਕਾਰਜਾਂ ਦੇ ਨਤੀਜਿਆਂ ਨੂੰ ਵਿਆਪਕ ਦਰਸ਼ਕਾਂ ਤੱਕ ਪਹੁੰਚਾਇਆ ਜਾਂਦਾ ਹੈ।

**ਆਮ ਵਾਤਾਵਰਨ ਟੀਚਿਆਂ ਅਤੇ ਪ੍ਰੋਗਰਾਮਾਂ ਪ੍ਰਤੀ ਵਚਨਬੱਧਤਾ:** ਸੰਯੁਕਤ ਰਾਸ਼ਟਰ ਦੇ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ, ਪੈਰਿਸ ਜਲਵਾਯੂ ਸਮਝੌਤਾ ਅਤੇ ਵਾਤਾਵਰਣ ਸੰਬੰਧਿਤ ਪ੍ਰਮਾਣ ਪੱਤਰਾਂ ਅਤੇ ਪ੍ਰੋਗਰਾਮਾਂ ਦੁਆਰਾ ਵਚਨਬੱਧਤਾ ਦੀ ਅਗਵਾਈ ਕੀਤੀ ਜਾਂਦੀ ਹੈ।

Translated by: ਸੋਨੀਆ ਬਾਂਸਲ